# 4th NSA Level Meeting on Trilateral Maritime Security Cooperation

November 26, 2020

……………………………………………………………………………………………………..

## ਤਿਕੋਣੇ ਸਮੁੰਦਰੀ ਸੁਰੱਖਿਆ ਸਹਿਯੋਗ ਬਾਰੇ ਰਾਸ਼ਟਰੀ ਸੁਰਖਿਆ ਸਲਾਹਕਾਰ ਪੱਧਰ ਦੀ ਚੌਥੀ ਬੈਠਕ

26 ਨਵੰਬਰ, 2020

ਸ੍ਰੀ ਲੰਕਾਈ ਲੋਕਤੰਤਰੀ ਸਮਾਜਵਾਦੀ ਗਣਰਾਜ ਦੇ ਰੱਖਿਆ ਮੰਤਰਾਲੇ ਦੇ ਸੱਕਤਰ ਮੇਜਰ ਜਨਰਲ (ਰਿਟਾਇਰਡ) ਮਹਾਮਹਿਮ ਕਮਲ ਗੁਣਾਰਤਨੇ ਦੇ ਸੱਦੇ 'ਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀ ਅਜੀਤ ਡੋਵਾਲ ਸ਼੍ਰੀਲੰਕਾ ਦੁਆਰਾ 27-28 ਨਵੰਬਰ, 2020 ਨੂੰ ਤਿਕੋਣੇ ਸਮੁੰਦਰੀ ਸੁਰੱਖਿਆ ਸਹਿਯੋਗ ਬਾਰੇ ਕਰਾਈ ਜਾ ਰਹੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਪੱਧਰ ਦੀ ਚੌਥੀ ਬੈਠਕ ਵਿੱਚ ਹਿੱਸਾ ਲੈਣ ਲਈ ਕੋਲੰਬੋ ਜਾਣਗੇ।

2. ਇਸ ਤੋਂ ਪਹਿਲਾਂ ਦੀਆਂ ਬੈਠਕਾਂ ਸਾਲ 2011 ਵਿੱਚ ਮਾਲਦੀਵ, 2013 ਵਿੱਚ ਸ਼੍ਰੀਲੰਕਾ, ਅਤੇ 2014 ਵਿੱਚ ਭਾਰਤ ਅੰਦਰ ਹੋਈਆਂ ਸਨ। ਰਾਸ਼ਟਰੀ ਸੁਰੱਖਿਆ ਸਲਾਹਕਾਰ ਪੱਧਰ ਦੀ ਤਿਕੋਣੀ ਬੈਠਕ ਹਿੰਦ ਮਹਾਂਸਾਗਰ ਦੇ ਦੇਸ਼ਾਂ ਵਿਚਾਲੇ ਸਹਿਯੋਗ ਲਈ ਕਾਰਗਰ ਮੰਚ ਵਜੋਂ ਕੰਮ ਕਰ ਰਹੀ ਹੈ। ਮਾਰੀਸ਼ਸ ਅਤੇ ਸੇਸ਼ੇਲਜ਼ ਤੀਜੀ ਬੈਠਕ ਵਿੱਚ ਮਹਿਮਾਨ ਦੇਸ਼ਾਂ ਵਜੋਂ ਸ਼ਾਮਲ ਹੋਏ।

3. ਸ੍ਰੀਲੰਕਾ ਦੇ ਰੱਖਿਆ ਸਕੱਤਰ ਅਤੇ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀ ਅਜੀਤ ਡੋਵਾਲ ਤੋਂ ਛੁੱਟ ਮਾਲਦੀਵ ਦੇ ਰੱਖਿਆ ਮੰਤਰੀ ਮਹਾਮਹਿਮ ਮਾਰੀਆ ਦੀਦੀ ਵੀ ਬੈਠਕ ਵਿੱਚ ਮਾਲਦੀਵ ਦੀ ਪ੍ਰਤੀਨਿਧਤਾ ਕਰਨਗੇ।

4. ਇਸ ਬੈਠਕ ਨਾਲ ਹਿੰਦ ਮਹਾਂਸਾਗਰ ਖੇਤਰ ਅੰਦਰ ਸਮੁੰਦਰੀ ਸੁਰੱਖਿਆ ਵਿੱਚ ਸਹਿਯੋਗ ਨਾਲ ਜੁੜੇ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਦਾ ਮੌਕਾ ਮਿਲੇਗਾ।

5. ਇਸ ਤਿਕੋਣੀ ਬੈਠਕ ਤੋਂ ਛੁੱਟ ਰਾਸ਼ਟਰੀ ਸੁਰੱਖਿਆ ਸਲਾਹਕਾਰ ਦੇ ਹੋਰਨਾਂ ਉੱਚ ਪੱਧਰੀ ਦੁਵੱਲੇ ਰੁਝੇਵਿਆਂ ਵਿੱਚ ਸ਼ਾਮਲ ਹੋਣ ਦੀ ਆਸ ਹੈ।

ਨਵੀਂ ਦਿੱਲੀ

26 ਨਵੰਬਰ, 2020

DISCLAIMER: This is an approximate translation. The original is available in English on MEA's website and may be referred to as the official press release.